ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਕਰਜ਼ੇ ਤੋਂ ਪਰੇਸ਼ਾਨ ਹੋ? 416-502-3100
12 Beds, 7 Baths For 24 Guests 905-965-4644
FRESH TOMATO $1.79 LB 905-678-0300
ਵਕੀਲ ਦੀ ਲੋੜ? 905-362-0755
Personal Loan Business Loan Home Line of Credit 905-965-4644

ਅਜੀਤ
AJIT WEEKLY
Division of 6178235 canada inc.
Founding Patron & CEO: Late (Dr.) Prof. Darshan Singh
Founding Director: Late Vinny Bains
Patron & CEO: Kanwaljit Kaur Bains
Chief Editor: Kanwar Bains
International Editors: Mandeep Khurmi, Syed Asif Shahkar,Sweden, Jasreen Kaur, India
Representatives: Suman Modgil, Rupinderjit Kaur
Toronto Reps.: Jasbir Singh Boparai
California Reps.: John Pal Singh
New York Reps.: Harbhjan Singh

FINANCIAL ADVISOR
M.B.E. Accounting
ADVISORY BOARD
CHIEF ADV.: DR. RAWAIL SINGH (INDIA)
BALKAR SINGH (GOUSSAIN VILLE, FRANCE)
PRESS PHOTOGRAPHER
SUNDIP BRAR
ADVERTISING
Editorial : (905) 671-4761, (905) 671-4762
(905) 671-4767, (416) 899-2548
Toll Free Phone :1-888-371-AJIT (2548)
Toll Free Fax : 1-888-981-2818
e-mail : Info@ajitweekly.com
www.darshantv.ca
www.ajitweekly.com
www.ajitweeklymatrimonials.com
fb.com/ajitweeklycanada
instagram.com/ajitweekly
twitter.com/ajitweekly1
https://www.youtube.com/@ajitWeeklycanada

MAILING ADDRESS
2-7015 TRANMERE DRIVE
MISSISSAUGA ONT. L5S 1T7 CANADA

PUBLICATION MAIL AGREEMENT
ACCOUNT NUMBER : 4750993, AGGREMENT NO : 40112768

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.All psychic's, soothsayers' and astrologer's ads are only for entertainment purposes. All rights reserved.

ਕੋਲੰਬੀਅਨ ਰਾਸ਼ਟਰਪਤੀ ਦੀ ਟਰੰਪ ਨੂੰ ਲਲਕਾਰ

ਇੰਟਰਨੈਸ਼ਨਲ ਡੈਸਕ: ਵੈਨੇਜ਼ੁਏਲਾ 'ਚ ਅਮਰੀਕੀ ਫ਼ੌਜੀ ਕਾਰਵਾਈ ਤੋਂ ਬਾਅਦ ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੈਟਰੋ ਨੇ ਵੀ ਅਮਰੀਕਾ ਅਤੇ ਰਾਸ਼ਟਰਪਤੀ ਡੌਨਲਡ ਟਰੰਪ ਦਾ ਖੁੱਲ੍ਹ ਕੇ ਵਿਰੋਧ ਕੀਤਾ ਹੈ। ਪੈਟਰੋ ਨੇ ਸਿੱਧੇ ਤੌਰ 'ਤੇ ਟਰੰਪ ਨੂੰ ਚੁਣੌਤੀ ਦਿੰਦੇ ਹੋਏ ਕਿਹਾ, "ਆਓ ਮੈਨੂੰ ਫ਼ੜ੍ਹ ਕੇ ਦਿਖਾਓ। ਮੈਂ ਇੱਥੇ ਤੁਹਾਡਾ ਇੰਤਜ਼ਾਰ ਕਰ ਰਿਹਾ ਹਾਂ।" ਆਪਣੇ ਇੱਕ ਬਿਆਨ 'ਚ ਪੈਟਰੋ ਨੇ ਵੈਨੇਜ਼ੁਏਲਾ 'ਚ ਅਮਰੀਕੀ ਕਾਰਵਾਈ ਦੀ ਸਖ਼ਤ ਆਲੋਚਨਾ ਕੀਤੀ ਅਤੇ ਚੇਤਾਵਨੀ ਦਿੱਤੀ ਕਿ ਜੇਕਰ ਅਮਰੀਕਾ ਨੇ ਲਾਤੀਨੀ ਅਮਰੀਕਾ 'ਚ ਵੀ ਇਸੇ ਤਰ੍ਹਾਂ ਦੀ ਫ਼ੌਜੀ ਨੀਤੀ ਅਪਣਾਈ ਤਾਂ ਉਸ ਦੇ ਨਤੀਜੇ ਗੰਭੀਰ ਹੋਣਗੇ।

ਬੰਬ ਡਿੱਗੇ ਤਾਂ ਪਹਾੜਾਂ 'ਚ ਹਜ਼ਾਰਾਂ ਗੁਰੀਲੇ ਖੜ੍ਹੇ ਹੋ ਜਾਣਗੇ: ਕੋਲੰਬੀਆ ਦੇ ਰਾਸ਼ਟਰਪਤੀ ਨੇ ਕਿਹਾ, "ਜੇਕਰ ਅਮਰੀਕਾ ਬੰਬ ਸੁੱਟਦਾ ਹੈ ਤਾਂ ਸਾਡੇ ਦੇਸ਼ ਦੇ ਕਿਸਾਨ ਪਹਾੜਾਂ 'ਚ ਲੁਕੇ ਗੁਰੀਲੇ ਬਣ ਜਾਣਗੇ, ਹਜ਼ਾਰਾਂ ਦੀ ਗਿਣਤੀ 'ਚ। ਜੇਕਰ ਅਜਿਹੇ ਰਾਸ਼ਟਰਪਤੀ, ਜਿਸ ਨੂੰ ਦੇਸ਼ ਦਾ ਇੱਕ ਵੱਡਾ ਹਿੱਸਾ ਪਿਆਰ ਕਰਦਾ ਹੈ, ਨੂੰ ਹਿਰਾਸਤ 'ਚ ਲੈ ਲਿਆ ਜਾਂਦਾ ਹੈ ਤਾਂ ਲੋਕਾਂ ਦਾ ਜੈਗੁਆਰ ਖੁੱਲ੍ਹ ਜਾਵੇਗਾ।" ਪੈਟਰੋ ਨੇ ਇਹ ਵੀ ਕਿਹਾ ਕਿ ਉਸ ਨੇ 1990 ਦੇ ਦਹਾਕੇ 'ਚ ਗੁਰੀਲਾ ਅੰਦੋਲਨ ਛੱਡਣ ਤੋਂ ਬਾਅਦ ਹਥਿਆਰ ਨਾ ਚੁੱਕਣ ਦੀ ਸਹੁੰ ਖਾਧੀ ਸੀ, ਪਰ ਜੇਕਰ ਮਾਤਭੂਮੀ ਨੂੰ ਲੋੜ ਪਈ ਤਾਂ ਮੈਂ ਦੁਬਾਰਾ ਹਥਿਆਰ ਚੁੱਕ ਲਵਾਂਗਾ।" ਇਹ ਧਿਆਨ ਦੇਣ ਯੋਗ ਹੈ ਕਿ ਗੁਸਤਾਵੋ ਪੈਟਰੋ ਖ਼ੁਦ ਇੱਕ ਵਾਰ ਇੱਕ ਖੱਬੇ ਪੱਖੀ ਗੁਰੀਲਾ ਸੰਗਠਨ ਨਾਲ ਜੁੜਿਆ ਹੋਇਆ ਸੀ ਹਾਲਾਂਕਿ ਬਾਅਦ 'ਚ ਉਸ ਨੇ ਲੋਕਤੰਤਰੀ ਰਾਜਨੀਤੀ ਨੂੰ ਅਪਨਾ ਲਿਆ ਸੀ।

ਟਰੰਪ ਦਾ ਤਿੱਖਾ ਹਮਲਾ: ਟਰੰਪ ਨੇ ਕਿਹਾ, "ਕੋਲੰਬੀਆ ਵੀ ਬਹੁਤ ਬੀਮਾਰ ਹੈ। ਉਸ 'ਤੇ ਇੱਕ ਬੀਮਾਰ ਆਦਮੀ ਰਾਜ ਕਰ ਰਿਹਾ ਹੈ ਜੋ ਅਮਰੀਕਾ 'ਚ ਕੋਕੇਨ ਪੈਦਾ ਕਰਨਾ ਅਤੇ ਵੇਚਣਾ ਪਸੰਦ ਕਰਦਾ ਹੈ ਅਤੇ ਉਹ ਜ਼ਿਆਦਾ ਦੇਰ ਤਕ ਅਜਿਹਾ ਨਹੀਂ ਕਰ ਸਕੇਗਾ।" ਟਰੰਪ ਨੇ ਇਹ ਵੀ ਕਿਹਾ ਕਿ ਉਹ ਸੋਚਦਾ ਹੈ ਕਿ ਕੋਲੰਬੀਆ ਵਿਰੁੱਧ ਫ਼ੌਜੀ ਕਾਰਵਾਈ ਇੱਕ ਚੰਗਾ ਵਿਚਾਰ ਹੈ।

ਪਹਿਲਾਂ ਵੀ ਲੱਗ ਚੁੱਕੀ ਨੇ ਪਾਬੰਦੀਆਂ: ਇਹ ਪਹਿਲੀ ਵਾਰ ਨਹੀਂ ਜਦੋਂ ਟਰੰਪ ਅਤੇ ਪੈਟਰੋ 'ਚ ਝੜਪ ਹੋਈ ਹੈ। ਅਕਤੂਬਰ 'ਚ ਟਰੰਪ ਪ੍ਰਸ਼ਾਸਨ ਨੇ ਗੁਸਤਾਵੋ ਪੈਟਰੋ ਅਤੇ ਉਸ ਦੇ ਪਰਿਵਾਰ ਦੇ ਕੁੱਝ ਮੈਂਬਰਾਂ 'ਤੇ ਪਾਬੰਦੀਆਂ ਲਗਾਈਆਂ ਸਨ। ਅਮਰੀਕਾ ਨੇ ਦੋਸ਼ ਲਗਾਇਆ ਸੀ ਕਿ ਉਸ ਦੇ ਗ਼ੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਵਪਾਰ 'ਚ ਸ਼ਾਮਿਲ ਲੋਕਾਂ ਨਾਲ ਸਬੰਧ ਸਨ।

ਕੋਲੰਬੀਆ ਅਤੇ ਨਸ਼ਿਆਂ ਬਾਰੇ ਸੱਚਾਈ: ਕੋਲੰਬੀਆ ਦੁਨੀਆਂ ਦਾ ਸਭ ਤੋਂ ਵੱਡਾ ਕੋਕੇਨ ਉਤਪਾਦਕ ਹੈ। ਕੋਕਾ ਪਲਾਂਟ ਮੁੱਖ ਤੌਰ 'ਤੇ ਤਿੰਨ ਦੇਸ਼ਾਂ, ਕੋਲੰਬੀਆ, ਪੇਰੂ ਅਤੇ ਬੋਲੀਵੀਆ, 'ਚ ਉਗਾਇਆ ਜਾਂਦਾ ਹੈ। ਅਮਰੀਕਾ ਲੰਬੇ ਸਮੇਂ ਤੋਂ ਕੋਲੰਬੀਆ 'ਤੇ ਨਸ਼ੀਲੇ ਪਦਾਰਥਾਂ ਦੇ ਮੁੱਦੇ 'ਤੇ ਦਬਾਅ ਪਾ ਰਿਹਾ ਹੈ।

US 'ਚ ਹੁਣ ਸਿਰਫ਼ ਵਿਆਹ ਕਰਾਉਣ ਨਾਲ ਨਹੀਂ ਮਿਲੇਗੀ ਪੱਕੀ ਰਿਹਾਇਸ਼

ਵਾਸ਼ਿੰਗਟਨ: ਅਮਰੀਕਾ 'ਚ ਪੱਕੇ ਤੌਰ 'ਤੇ ਰਹਿਣ ਗ੍ਰੀਨ ਕਾਰਡ ਦੀ ਇੱਛਾ ਰੱਖਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਨਿਯਮ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸਖ਼ਤ ਹੋ ਗਏ ਹਨ। ਸੂਤਰਾਂ ਅਨੁਸਾਰ ਹੁਣ ਸਿਰਫ਼ ਕਿਸੇ ਅਮਰੀਕੀ ਨਾਗਰਿਕ ਨਾਲ ਵਿਆਹ ਕਰਵਾ ਲੈਣਾ ਹੀ Green Card ਪ੍ਰਾਪਤ ਕਰਨ ਲਈ ਕਾਫ਼ੀ ਨਹੀਂ ਰਿਹਾ। ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀ ਹੁਣ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕਰ ਰਹੇ ਹਨ ਕਿ ਕੀ ਵਿਆਹ ਅਸਲੀ ਹੈ ਜਾਂ ਸਿਰਫ਼ ਕਾਨੂੰਨੀ ਦਸਤਾਵੇਜ਼ ਪ੍ਰਾਪਤ ਕਰਨ ਲਈ ਕੀਤਾ ਗਿਆ ਇੱਕ ਸਮਝੌਤਾ।

ਇਕੱਠੇ ਰਹਿਣਾ ਹੈ ਸਭ ਤੋਂ ਵੱਡੀ ਸ਼ਰਤ: ਇਮੀਗ੍ਰੇਸ਼ਨ ਮਾਹਿਰ ਬ੍ਰੈਂਡ ਬਰਨਸਟਾਈਨ ਮੁਤਾਬਿਕ Green Card ਦੀਆਂ ਅਰਜ਼ੀਆਂ 'ਤੇ ਹੁਣ ਬਹੁਤ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਿਰਫ਼ ਰਿਸ਼ਤੇ 'ਚ ਹੋਣਾ Green Card ਨਹੀਂ ਦਿਵਾਏਗਾ ਸਗੋਂ ਪਤੀ-ਪਤਨੀ ਦਾ ਇਕੱਠੇ ਰਹਿਣਾ ਬਹੁਤ ਜ਼ਰੂਰੀ ਹੈ। ਜੇਕਰ ਕੋਈ ਜੋੜਾ ਵਿਆਹ ਤੋਂ ਬਾਅਦ ਵੱਖ-ਵੱਖ ਰਹਿ ਰਿਹਾ ਹੈ ਤਾਂ ਇਮੀਗ੍ਰੇਸ਼ਨ ਵਿਭਾਗ ਵਿਆਹ 'ਚ ਧੋਖਾਧੜੀ ਦੀ ਜਾਂਚ ਸ਼ੁਰੂ ਕਰ ਸਕਦਾ ਹੈ ਜਿਸ ਨਾਲ ਅਰਜ਼ੀ ਸਿੱਧੇ ਤੌਰ 'ਤੇ ਰੱਦ ਕੀਤੀ ਜਾ ਸਕਦੀ ਹੈ।

ਅਧਿਕਾਰੀਆਂ ਨੂੰ ਬਹਾਨਿਆਂ 'ਚ ਕੋਈ ਦਿਲਚਸਪੀ ਨਹੀਂ: ਸੂਤਰਾਂ ਮੁਤਾਬਿਕ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਦੇ ਨਿਯਮ ਹੁਣ ਇੰਨੇ ਸਖ਼ਤ ਹਨ ਕਿ ਅਧਿਕਾਰੀ ਇਸ ਗੱਲ ਵੱਲ ਬਿਲਕੁੱਲ ਧਿਆਨ ਨਹੀਂ ਦਿੰਦੇ ਕਿ ਜੋੜਾ ਕਿਸੇ ਮਜਬੂਰੀ (ਜਿਵੇਂ ਕਿ ਕੰਮ, ਪੜ੍ਹਾਈ ਜਾਂ ਵਿੱਤੀ ਕਾਰਨ) ਕਰ ਕੇ ਵੱਖ ਰਹਿ ਰਿਹਾ ਹੈ। ਉਨ੍ਹਾਂ ਦਾ ਇੱਕੋ-ਇੱਕ ਮਕਸਦ ਇਹ ਦੇਖਣਾ ਹੈ ਕਿ ਤੁਸੀਂ ਪਤੀ-ਪਤਨੀ ਵਜੋਂ ਇਕੱਠੇ ਰਹਿ ਰਹੇ ਹੋ ਜਾਂ ਨਹੀਂ। ਅਰਜ਼ੀ ਸਿਰਫ਼ ਓਦੋਂ ਹੀ ਸਵੀਕਾਰ ਕੀਤੀ ਜਾਵੇਗੀ ਜਦੋਂ ਇਹ ਸਾਬਿਤ ਹੋ ਜਾਵੇਗਾ ਕਿ ਵਿਆਹ ਸੱਚੇ ਇਰਾਦੇ- ਨਾਲ ਕੀਤਾ ਗਿਆ ਹੈ।

ਇਸ ਤੋਂ ਇਲਾਵਾ, ਟਰੰਪ ਪ੍ਰਸ਼ਾਸਨ ਨੇ ਕੁੱਝ ਹੋਰ ਸਖ਼ਤ ਕਦਮ ਵੀ ਚੁੱਕੇ ਹਨ ਜਿਨ੍ਹਾਂ ਤਹਿਤ ਗ੍ਰੀਨ ਕਾਰਡ ਬਿਨੈਕਾਰਾਂ ਲਈ ਵਰਕ ਪਰਮਿਟ ਦੀ ਮਿਆਦ ਘਟਾ ਕੇ 18 ਮਹੀਨੇ ਕਰ ਦਿੱਤੀ ਗਈ ਹੈ। ਡਾਇਵਰਸਿਟੀ ਵੀਜ਼ਾ ਲਾਟਰੀ ਪ੍ਰੋਗਰਾਮ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। 19 ਚਿੰਤਾਜਨਕ ਦੇਸ਼ਾਂ ਦੇ ਸਥਾਈ ਨਿਵਾਸੀਆਂ ਦੇ ਗ੍ਰੀਨ ਕਾਰਡਾਂ ਦੀ ਮੁੜ ਸਮੀਖਿਆ ਦੇ ਹੁਕਮ ਦਿੱਤੇ ਗਏ ਹਨ। ਇਹ ਸਖ਼ਤੀ ਅਮਰੀਕਾ 'ਚ ਹਾਲ ਹੀ 'ਚ ਹੋਈਆਂ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਬਾਅਦ ਵਧਾਈ ਗਈ ਹੈ ਜਿਨ੍ਹਾਂ 'ਚ Green Card ਧਾਰਕ ਸ਼ਾਮਿਲ ਸਨ।

ਭਾਰਤ ਨਾਲ ਸਬੰਧਾਂ 'ਤੇ ਟਰੰਪ ਦਾ ਬਿਆਨ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਭਾਰਤ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਰਿਸ਼ਤਿਆਂ ਨੂੰ ਲੈ ਕੇ ਇੱਕ ਅਹਿਮ ਬਿਆਨ ਦਿੱਤਾ ਹੈ। ਟਰੰਪ ਅਨੁਸਾਰ ਭਾਵੇਂ ਉਨ੍ਹਾਂ ਦੇ ਪ੍ਰਧਾਨ ਮੰਤਰੀ ਮੋਦੀ ਨਾਲ ਸਬੰਧ ਚੰਗੇ ਹਨ, ਪਰ ਇਸ ਸਮੇਂ PM ਮੋਦੀ ਉਨ੍ਹਾਂ ਤੋਂ ਖ਼ੁਸ਼ ਨਹੀਂ।

ਰੂਸੀ ਤੇਲ ਬਣਿਆ ਤਨਾਅ ਦਾ ਕਾਰਨ: ਟਰੰਪ ਨੇ ਦੱਸਿਆ ਕਿ ਮੋਦੀ ਦੀ ਨਾਰਾਜ਼ਗੀ ਦੀ ਮੁੱਖ ਵਜ੍ਹਾ ਭਾਰਤ ਵਲੋਂ ਰੂਸ ਤੋਂ ਖ਼ਰੀਦਿਆ ਜਾ ਰਿਹਾ ਤੇਲ ਹੈ। ਟਰੰਪ ਮੁਤਾਬਿਕ ਰੂਸ ਨਾਲ ਵਪਾਰ ਜਾਰੀ ਰੱਖਣ ਕਾਰਨ ਭਾਰਤ ਨੂੰ ਉੱਚੇ ਟੈਰਿਫ਼ਸ (ਸ਼ੁਲਕ) ਚੁਕਾਉਣੇ ਪੈ ਰਹੇ ਹਨ। ਟਰੰਪ ਨੇ ਪਹਿਲਾਂ ਵੀ ਸੰਕੇਤ ਦਿੱਤੇ ਸਨ ਕਿ ਉਹ ਉਨ੍ਹਾਂ ਦੇਸ਼ਾਂ ਵਿਰੁੱਧ ਸਖ਼ਤ ਕਦਮ ਚੁੱਕ ਸਕਦੇ ਹਨ ਜੋ ਰੂਸ ਨਾਲ ਵਪਾਰ ਜਾਰੀ ਰੱਖ ਰਹੇ ਹਨ।

ਜ਼ਰੂਰੀ ਹੈ ਮੈਨੂੰ ਖ਼ੁਸ਼ ਕਰਨਾ: ਏਅਰ ਫ਼ੋਰਸ ਵੰਨ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਮੋਦੀ ਇੱਕ ਬਹੁਤ ਚੰਗੇ ਇਨਸਾਨ ਹਨ, ਪਰ ਉਹ ਜਾਣਦੇ ਹਨ ਕਿ ਮੈਂ (ਟਰੰਪ) ਖ਼ੁਸ਼ ਨਹੀਂ ਹਾਂ। ਟਰੰਪ ਨੇ ਸਪੱਸ਼ਟ ਸ਼ਬਦਾਂ 'ਚ ਕਿਹਾ, "ਉਨ੍ਹਾਂ ਨੂੰ ਪਤਾ ਹੈ ਕਿ ਮੈਨੂੰ ਖ਼ੁਸ਼ ਕਰਨਾ ਬਹੁਤ ਜ਼ਰੂਰੀ ਹੈ।" ਉਨ੍ਹਾਂ ਚਿਤਾਵਨੀ ਵੀ ਦਿੱਤੀ ਕਿ ਜੇਕਰ ਅਮਰੀਕਾ ਚਾਹੇ ਤਾਂ ਉਹ ਭਾਰਤ 'ਤੇ ਬਹੁਤ ਤੇਜ਼ੀ ਨਾਲ ਟੈਰਿਫ਼ਸ ਵਧਾ ਸਕਦਾ ਹੈ।

ਗੱਲਬਾਤ ਅਜੇ ਵੀ ਅਟਕੀ: ਹਾਲਾਂਕਿ ਕੁੱਝ ਹਫ਼ਤੇ ਪਹਿਲਾਂ ਦੋਵਾਂ ਨੇਤਾਵਾਂ ਵਿਚਕਾਰ ਫ਼ੋਨ 'ਤੇ ਗੱਲਬਾਤ ਹੋਈ ਸੀ ਜਿਸ 'ਚ ਵਪਾਰਕ ਸਹਿਯੋਗ ਵਧਾਉਣ 'ਤੇ ਜ਼ੋਰ ਦਿੱਤਾ ਗਿਆ ਸੀ, ਪਰ ਟੈਰਿਫ਼ ਵਿਵਾਦ ਅਜੇ ਸੁਲਝਿਆ ਨਹੀਂ। ਅਮਰੀਕਾ ਚਾਹੁੰਦਾ ਹੈ ਕਿ ਭਾਰਤ ਆਪਣੇ ਬਾਜ਼ਾਰ ਅਮਰੀਕੀ ਖੇਤੀ ਉਤਪਾਦਾਂ ਲਈ ਖੋਲ੍ਹੇ ਜਦ ਕਿ ਭਾਰਤ ਆਪਣੇ ਘਰੇਲੂ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨਾ ਚਾਹੁੰਦਾ ਹੈ।

ਲੀਗਲ ਸੇਵਾਵਾਂ 905-913-2355
ਜਾਦੂ ਟੂਣੇ ਦੀ ਕਾਟ 1-604-961-6635
ਇੰਡੀਅਨ ਵੀਜ਼ਾ OCI & Passport Renewal 514-389-7070
Sher Atta $14.99 20LB 905-678-0300
ਜਾਦੂ ਟੂਣੇ ਦੀ ਕਾਟ 1-604-961-6635
ਮਰਦਾਨਾ ਕਮਜ਼ੋਰੀ 416-992-5489
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
12 Beds, 7 Baths For 24 Guests 905-965-4644
Personal Loan Business Loan Home Line of Credit 905-965-4644
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710

ਅਪਰਾਧੀ ਨਹੀਂ, ਰਾਸ਼ਟਰਪਤੀ ਹਾਂ ਮੈਂ - ਮਦੂਰੋ

ਵਾਸ਼ਿੰਗਟਨ: ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਦੂਰੋ ਨੇ ਪਹਿਲੀ ਵਾਰ ਅਮਰੀਕਾ ਦੀ ਇੱਕ ਸੰਘੀ ਅਦਾਲਤ 'ਚ ਪੇਸ਼ ਹੋ ਕੇ ਆਪਣੇ ਵਿਰੁੱਧ ਲੱਗੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਖ਼ਾਰਿਜ ਕਰ ਦਿੱਤਾ। ਮਦੂਰੋ ਨੇ ਅਦਾਲਤ 'ਚ ਦਾਅਵਾ ਕੀਤਾ ਕਿ ਉਹ ਕੋਈ ਅਪਰਾਧੀ ਨਹੀਂ ਸਗੋਂ ਅਜੇ ਵੀ ਆਪਣੇ ਦੇਸ਼ ਦਾ ਇੱਕ ਚੁਣਿਆ ਹੋਇਆ ਰਾਸ਼ਟਰਪਤੀ ਹੈ।

ਅਦਾਲਤ 'ਚ ਮਦੂਰੋ ਦੀ ਦਲੀਲ: ਰਿਪੋਰਟਾਂ ਅਨੁਸਾਰ ਸੁਣਵਾਈ ਦੌਰਾਨ ਮਦੂਰੋ ਨੇ ਜੱਜ ਨੂੰ ਕਿਹਾ, "ਮੈਂ ਇੱਕ ਸਤਿਕਾਰਯੋਗ ਵਿਅਕਤੀ ਹਾਂ ਅਤੇ ਆਪਣੇ ਦੇਸ਼ ਦਾ ਰਾਸ਼ਟਰਪਤੀ ਹਾਂ।" ਉਨ੍ਹਾਂ ਨੇ ਅਮਰੀਕਾ ਵਲੋਂ ਕੀਤੀ ਗਈ ਕਾਰਵਾਈ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਉਨ੍ਹਾਂ ਨੂੰ ਗ਼ਲਤ ਤਰੀਕੇ ਨਾਲ ਫ਼ੜਿਆ ਗਿਆ ਹੈ, ਅਤੇ ਉਸ ਨਾਲ ਬੇਇਨਸਾਫ਼ੀ ਹੋ ਰਹੀ ਹੈ। ਖ਼ੁਦ ਨੂੰ ਨਿਰਦੋਸ਼ ਦੱਸਦਿਆਂ ਉਸ ਨੇ ਅਮਰੀਕੀ ਅਦਾਲਤ 'ਚ ਪਹਿਲੀ ਵਾਰ ਆਪਣਾ ਪੱਖ ਰੱਖਿਆ।

ਕਿਹੜੇ ਗੰਭੀਰ ਦੋਸ਼ਾਂ ਦਾ ਕਰ ਰਿਹੈ ਸਾਹਮਣਾ? ਅਮਰੀਕੀ ਜਾਂਚ ਏਜੰਸੀਆਂ ਨੇ ਮਦੂਰੋ 'ਤੇ ਚਾਰ ਬਹੁਤ ਹੀ ਗੰਭੀਰ ਇਲਜ਼ਾਮ ਲਗਾਏ ਹਨ: 1. ਨਾਰਕੋ-ਟੈਰੋਰਿਜ਼ਮ (ਨਸ਼ੀਲੇ ਪਦਾਰਥਾਂ ਰਾਹੀਂ ਅਤਿਵਾਦ) ਦੀ ਸਾਜ਼ਿਸ਼। 2. ਕੋਕੇਨ ਦੀ ਦਰਾਮਦ ਕਰਨ ਦੀ ਸਾਜ਼ਿਸ਼। 3. ਮਸ਼ੀਨਗਨਾਂ ਅਤੇ ਵਿਸਫ਼ੋਟਕ ਹਥਿਆਰ ਰੱਖਣ ਦੇ ਦੋਸ਼। 4. ਅਜਿਹੇ ਹਥਿਆਰ ਰੱਖਣ ਲਈ ਸਾਜ਼ਿਸ਼ ਰਚਣਾ। ਅਮਰੀਕਾ ਦਾ ਦਾਅਵਾ ਹੈ ਕਿ ਮਦੂਰੋ ਅਤੇ ਉਸ ਦੇ ਸਾਥੀਆਂ ਨੇ ਅੰਤਰਰਾਸ਼ਟਰੀ ਡਰੱਗ ਨੈੱਟਵਰਕ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਸਰਪ੍ਰਸਤੀ ਦਿੱਤੀ ਹੈ।

92 ਸਾਲਾ ਜੱਜ ਕਰ ਰਹੇ ਹਨ ਸੁਣਵਾਈ: ਮਦੂਰੋ ਦੇ ਇਸ ਹਾਈ-ਪ੍ਰੋਫ਼ਾਈਲ ਕੇਸ ਦੀ ਸੁਣਵਾਈ 92 ਸਾਲਾ ਸੀਨੀਅਰ ਸੰਘੀ ਜੱਜ ਐਲਵਿਨ ਕੇ. ਹੇਲਰਸਟਾਈਨ ਨੂੰ ਸੌਂਪੀ ਗਈ ਹੈ। ਜੱਜ ਹੇਲਰਸਟਾਈਨ ਨੂੰ 1899 'ਚ ਤਤਕਾਲੀ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਵਲੋਂ ਨਿਯੁਕਤ ਕੀਤਾ ਗਿਆ ਸੀ, ਅਤੇ ਉਹ 9/11 ਅਤਿਵਾਦੀ ਹਮਲਿਆਂ ਸਮੇਤ ਕਈ ਰਾਸ਼ਟਰੀ ਸੁਰੱਖਿਆ ਨਾਲ ਜੁੜੇ ਅਹਿਮ ਮਾਮਲਿਆਂ ਦੀ ਸੁਣਵਾਈ ਕਰ ਚੁੱਕੇ ਹਨ।

ਅਮਰੀਕਾ-ਵੈਨੇਜ਼ੁਏਲਾ ਸਬੰਧਾਂ 'ਤੇ ਅਸਰ: ਮਦੂਰੋ ਦੀ ਪੇਸ਼ੀ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਸਿਆਸੀ ਤਨਾਅ ਹੋਰ ਵਧਣ ਦੀ ਸੰਭਾਵਨਾ ਹੈ। ਵੈਨੇਜ਼ੁਏਲਾ ਸਰਕਾਰ ਨੇ ਇਸ ਕਾਰਵਾਈ ਨੂੰ ਆਪਣੀ ਪ੍ਰਭੂਸੱਤਾ 'ਤੇ ਹਮਲਾ ਕਰਾਰ ਦਿੱਤਾ ਹੈ ਜਦ ਕਿ ਅਮਰੀਕਾ ਇਸ ਨੂੰ ਕਾਨੂੰਨ ਤਹਿਤ ਕੀਤੀ ਗਈ ਕਾਰਵਾਈ ਮੰਨ ਰਿਹਾ ਹੈ। ਇਸ ਕੇਸ ਦੇ ਨਤੀਜਿਆਂ 'ਤੇ ਪੂਰੀ ਦੁਨੀਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

Samsung ਵਲੋਂ ਲੌਂਚ ਕੀਤਾ ਦੁਨੀਆਂ ਦਾ ਪਹਿਲਾ 130" Micro RGB TV ਘਰ ਬਣਾ ਦੇਵੇਗਾ ਸਿਨੇਮਾ ਹਾਲ

ਟੋਰੌਂਟੋ: ਟੈਲੀਵਿਯਨ ਟੈਕਨੌਲੋਜੀ ਦੇ ਖੇਤਰ 'ਚ ਸੈਮਸੰਗ ਨੇ ਇੱਕ ਵਾਰ ਫ਼ਿਰ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ। ਅਮਰੀਕਾ 'ਚ ਚੱਲ ਰਹੇ CES 2026 ਈਵੈਂਟ ਦੌਰਾਨ ਕੰਪਨੀ ਨੇ ਦੁਨੀਆਂ ਦਾ ਪਹਿਲਾ 130-ਇੰਚ ਦਾ Micro RGB TV ਪੇਸ਼ ਕੀਤਾ ਹੈ। ਇਹ ਸਿਰਫ਼ ਇੱਕ ਵ